# ਸੱਚੀ ਗੱਲ ਸੁਣੀਵੇ ਕਿਉਂਕਰ, ਕੱਚੀ ਹੱਡਾਂ ਵਿਚ ਰਚੀ

ਪਿਛਲੇ ਕੁਝ ਦਿਨਾਂ ਦੀਆਂ ਘਟਨਾਵਾਂ ਵਲ ਗੌਰ ਕਰੀਏ ਤਾਂ ਪਤਾ ਲਗਦਾ ਹੈ ਕਿ ਸਦਰ ਓਬਾਮਾ ਤੇ ਅਮਰੀਕਾ ਦਾ ਹਾਕਮ ਟੋਲਾ, ਅਤੇ ਪਾਕਿਸਤਾਨ ਦਾ ਹਾਕਮ ਟੋਲਾ ਹਰ ਰੋਜ਼ ਨਵਾਂ ਝੂਠ ਲੋਕਾਂ ਨੂੰ ਪਰੋਸ ਰਹੇ ਹਨ। ਯੂਸਫ਼ ਰਜ਼ਾ ਗਿਲਾਨੀ ਨੇ ਪਾਰਲੀਮੈਂਟ ਵਿਚ ਬਹੁਤ ਹੀ ਧੂੰਆਂਧਾਰ ਤਕਰੀਰ ਕੀਤੀ ਅਤੇ ਹਰ ਤਰ੍ਹਾਂ ਦੇ ਫਰੇਬ ਨੂੰ ਸੱਚ ਬਣਾ ਕੇ ਦੱਸਣ ਦੀ ਕੋਸ਼ਿਸ਼ ਕੀਤੀ। ਇਕ ਪਾਸੇ ਗਿਲਾਨੀ ਸਾਹਿਬ ਦੀ ਤਕਰੀਰ ਦਾ ਰੌਲਾ ਪਿਆ ਹੋਇਆ ਸੀ ਦੂਜੇ ਪਾਸੇ ਇਹ ਖ਼ਬਰਾਂ ਵੀ ਆ ਗਈਆਂ ਕਿ ਇਹ ਸਭ ਇਕ ਮਨਸੂਬੇ ਤਹਿਤ ਹੀ ਹੋ ਰਿਹਾ ਹੈ। ਅਮਰੀਕਾ ਜੋ ਚਾਹੇ ਉਹ ਪਾਕਿਸਤਾਨ ਵਿਚ ਕਰੇਗਾ ਅਤੇ ਪਾਕਿਸਤਾਨ ਦੇ ਸਿਆਸੀ ਅਤੇ ਫੌਜੀ ਲੀਡਰ ਇਸ ਦੀ ਧੂੰਆਂਧਾਰ ਤਕਰੀਰਾਂ ਰਾਹੀਂ ਜ਼ਰੂਰ ਨਿਖੇਧੀ ਕਰਨਗੇ  ਪਰ ਅਮਲ ਵਿਚ ਕੁਝ ਨਹੀਂ ਕਰਨਗੇ।। ਇਸ ਤਰ੍ਹਾਂ ਸਾਮਰਾਜ ਅਤੇ ਹਾਕਮ ਟੋਲਾ ਆਪਣੇ ਮੁਫ਼ਾਦ ਪੂਰੇ ਕਰਦਾ ਰਹੇਗਾ। ਇਨ੍ਹਾਂ ਦੀ ਇਹ ਕਾਰਜ-ਵਿਧੀ ਹੈ।

ਇਸੇ ਤਰ੍ਹਾਂ ਹਿੰਦੁਸਤਾਨ ਵਿਚ ਮਨਮੋਹਨ ਸਿੰਘ ਬੜੀ ਹੌਲੀ ਹੌਲੀ ਆਵਾਜ਼ ਵਿਚ ਮੀਸਣਾ ਬਣ ਕੇ ਸ਼ਰ੍ਹੇਆਮ ਝੂਠ ਬੋਲਦਾ ਹੈ ਪਰ ਸਾਰਾ ਹਾਕਮ ਟੋਲਾ ਅਤੇ ਉਨ੍ਹਾਂ ਦੀਆਂ ਪਾਰਟੀਆਂ ਅਤੇ ਮੀਡੀਆ ਇਸਦੀ ਕਹੀ ਨੂੰ ਸੱਚ ਬਣਾ ਕੇ ਪੇਸ਼ ਕਰਦੇ ਹਨ ਤੇ ਕਹਿੰਦੇ ਹਨ ਕਿ ਮਨਮੋਹਨ ਸਿੰਘ ਬੜਾ ਹੀ ਇਮਾਨਦਾਰ ਤੇ ਦਿਆਨਤਦਾਰ ਹੈ। ਸਾਫ਼ ਹੈ ਕਿ ਹਾਕਮ ਟੋਲੇ ਦਾ ਕੋਈ ਵੀ ਅਦਾਰਾ ਸੱਚਾਈ ਅਤੇ ਹਕੀਕਤ ਨਾਲ ਨਜਿੱਠਣ ਨੂੰ ਤਿਆਰ ਨਹੀਂ ਅਤੇ ਨਾ ਹੀ ਇਸ ਸਚਾਈ ਨੂੰ ਤਸਲੀਮ ਕਰ ਸਕਦਾ ਹੈ।

ਹਾਕਮ ਟੋਲੇ ਦਾ ਇਕੋ ਹੀ ਨਿਸ਼ਾਨਾ ਹੈ ਆਪਣੀਆਂ ਜੇਬਾਂ ਭਰਨੀਆਂ ਅਤੇ ਆਪਣੇ ਮੁਨਾਫ਼ੇ ਵੱਧ ਤੋਂ ਵੱਧ ਕਰਨੇ। ਪਰ ਇਸ ਨਿਸ਼ਾਨੇ ਨੂੰ ਇਹ ਸਿੱਧੇ ਅਤੇ ਸਾਫ਼ ਤੌਰ ਤੇ ਪੇਸ਼ ਨਹੀਂ ਕਰ ਸਕਦੇ ਇਸ ਕਰਕੇ ਉਹ ਆਪਣੀ ਸਾਰੀ ਕਾਰਵਾਈ ਮੁਲਕ ਦੀ ਅਤੇ ਕੌਮ ਦੀ ਭਲਾਈ ਲਈ ਹੀ ਦੱਸਦੇ ਹਨ। ਇਨ੍ਹਾਂ ਦੀਆਂ ਸਾਰੀਆਂ ਹੀ ਸਿਆਸੀ ਪਾਰਟੀਆਂ ਦਾ ਵੀ ਇਕੋ ਮੰਤਵ ਹੁੰਦਾ ਹੈ ਕਿ ਕੁਰਸੀ ਨੂੰ ਚੰਬੜੇ ਰਹਿਣਾ ਤੇ ਹਾਕਮ ਟੋਲੇ ਦਾ ਪੱਖ ਪੂਰਨਾ। ਪਰ ਕਿਉਂਕਿ ਸਿਆਸੀ ਤਾਕਤ ਇਹ ਲੋਕਾਂ ਤੋਂ ਉਨ੍ਹਾਂ ਦੇ ਨਾਂਅ ਹੇਠ ਹੀ ਲੈਂਦੇ ਹਨ ਇਸ ਕਰਕੇ ਮੌਜੂਦਾ ਸਮੇਂ ਵਿਚ ਇਹ ਸਿੱਧੇ ਤੌਰ ਤੇ ਇਹ ਗੱਲ ਕਹਿ ਨਹੀਂ ਸਕਦੇ ਤੇ ਇਨ੍ਹਾਂ ਨੂੰ ਆਪਣੇ ਸਾਰੇ ਸੌੜੇ ਹਿਤ ਅਤੇ ਮੁਫ਼ਾਦ ਹਾਸਲ ਕਰਨ ਦੇ ਮਨਸੂਬੇ ਉਪਰ ਲੋਕਾਂ ਦੇ ਨਾਂਅ ਦੀ ਚਾਦਰ ਪਾਉਣੀ ਪੈਂਦੀ ਹੈ। ਇਹ ਇਨ੍ਹਾਂ ਦੀ ਮਜਬੂਰੀ ਹੈ। ਜੇ ਆਪਣਾ ਕੰਮ ਇਸ ਤੋਂ ਬਗੈਰ ਚਲਾ ਸਕਦੇ ਹੋਣ ਤਾਂ ਇਨ੍ਹਾਂ ਲਈ ਇਸ ਤੋਂ ਵੱਡੀ ਖ਼ੁਸ਼ੀ ਕੋਈ ਨਹੀਂ ਹੋਵੇਗੀ।

ਆਪਣੇ ਮੁਨਾਫ਼ਿਆਂ ਲਈ ਇਹ ਲੋਕਾਂ ਉੱਤੇ ਹਰੇਕ ਹਮਲਾ ਮੁਲਕ ਦੀ ਸਲਾਮਤੀ, ਜਮਹੂਰੀਅਤ, ਸੋਸ਼ਲਿਜ਼ਮ, ਮਨੁੱਖੀ ਹੱਕਾਂ ਅਤੇ ਲੋਕਾਂ ਦੇ ਭਲੇ ਦੇ ਨਾਅਰਿਆਂ ਹੇਠ ਹੀ ਕਰਦੇ ਹਨ। ਪੱਛਮੀ ਬੰਗਾਲ ਵਿਚ ਸੀ ਪੀ ਆਈ(ਐਮ) ਨੇ ਪਿਛਲੇ 34 ਸਾਲਾਂ ਤੋਂ ਕਮਿਉਨਿਜ਼ਮ ਦੇ ਨਾਂਅ ਹੇਠ ਲੋਕਾਂ ਤੇ ਬਹੁਤ ਹੀ ਜ਼ਿਆਦਾ ਫਾਸ਼ੀ ਹਮਲੇ ਕੀਤੇ ਹਨ ਅਤੇ ਅਮੀਰਾਂ ਦੀਆਂ ਜੇਬਾਂ ਭਰੀਆਂ ਹਨ ਅਤੇ ਆਪਣੀਆਂ ਵੀ। ਮਿਸਾਲ ਦੇ ਤੌਰ ਤੇ ਟਾਟਾ ਅਤੇ ਅੰਬਾਨੀ ਦੀਆਂ ਜੇਬਾਂ ਭਰਨ ਦੇ ਇਲਾਵਾ ਜੋਤੀ ਸੂ ਦੇ ਪੁੱਤਰ ਨੇ ਵੀ ਤਕਰੀਬਨ ਹਜ਼ਾਰ ਕਰੋੜ ਦਾ ਕਾਰੋਬਾਰ ਕਾਇਮ ਕਰ ਲਿਆ ਹੈ। ਇਸੇ ਤਰ੍ਹਾਂ ਹਰਕਿਸ਼ਨ ਸਿੰਘ ਸੁਰਜੀਤ ਦੇ ਪੁੱਤਰ ਨੇ ਵੀ ਸੈਂਕੜੇ ਏਕੜ ਦੇ ਫਾਰਮ ਅਤੇ ਹੋਰ ਜਾਇਦਾਦ ਬਣਾ ਲਈ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਬੰਗਾਲ ਅਤੇ ਹੋਰਨਾਂ ਥਾਂਵਾਂ ਤੇ ਲੋਕ ਇਨ੍ਹਾਂ ਕਮਿਊਨਿਸਟਾਂ ਤੋਂ ਦੁਖੀ ਹਨ।

ਅੱਜ ਦੇ ਦੌਰ ਵਿਚ ਰਿਆਸਤ ਸਮਾਜ ਦਾ ਸਭ ਤੋਂ ਜ਼ਿਆਦਾ ਅਹਿਮ ਅਦਾਰਾ ਬਣ ਗਿਆ ਹੈ। ਹਾਕਮ ਟੋਲਾ ਆਪਣੇ ਮੁਫ਼ਾਦ ਰਿਆਸਤ ਤੇ ਕੰਟਰੋਲ ਕੀਤੇ ਬਗੈਰ ਕੀਤੇ ਪੂਰੇ ਨਹੀਂ ਕਰ ਸਕਦਾ। ਰਿਆਸਤ ਤੇ ਕੰਟਰੋਲ ਇਹ ਲੋਕਾਂ ਦੇ ਨਾਂਅ ਅਤੇ ਲੋਕ ਪੱਖੀ ਨਾਅਰਿਆਂ ਅਤੇ ਵਾਅਦਿਆਂ ਬਗੈਰ ਨਹੀਂ ਕਰ ਸਕਦਾ। ਇਹ ਕੰਮ ਹਾਕਮ ਟੋਲੇ ਦੀਆਂ ਪਾਰਟੀਆਂ ਵੱਖ ਵੱਖ ਨਾਅਰਿਆਂ ਹੇਠ ਲੋਕਾਂ ਦੀਆਂ ਅੱਖਾਂ ਵਿਚ ਧੂੜ ਪਾ ਕੇ  ਕਰਦੀਆਂ ਹਨ।
ਹਾਕਮ ਟੋਲਾ ਆਪਣੇ ਮੁਨਾਫ਼ੇ ਲੋਕਾਂ ਦਾ ਨਾਂਅ ਵਰਤੇ ਬਗੈਰ ਨਹੀਂ ਵਧਾ ਸਕਦਾ ਤੇ ਇਸ ਲਈ ਇਹ ਸਾਰੀਆਂ ਹੀ ਪਾਰਟੀਆਂ, ਭਾਵੇ ਉਨ੍ਹਾਂ ਦਾ ਝੰਡਾ ਕੋਈ ਵੀ  ਹੋਵੇ, ਗੱਲ ਤਾਂ ਗਰੀਬੀ ਹਟਾਉਣ ਦੀ ਕਰਦੀਆਂ ਹਨ ਪਰ ਉਨ੍ਹਾਂ ਦੇ ਸਾਰੇ ਕੰਮ ਰਿਆਸਤ ਦੀ ਤਾਕਤ ਹਥਿਆ ਕੇ ਲੋਕਾਂ ਦੀ ਛਿੱਲ ਲਾਹੁਣ ਦੇ ਹੁੰਦੇ ਹਨ। ਇਸ ਲਈ ਗਰੀਬੀ ਵਧਦੀ ਜਾਂਦੀ ਹੈ ਤੇ ਲੋਕਾਂ ਦੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾਂਦੇ ਹਨ ਪਰ ਹਾਕਮ ਟੋਲੇ ਦੇ ਮੁਨਾਫ਼ੇ ਵਧਦੇ ਜਾਂਦੇ ਹਨ। ਹਾਕਮ ਟੋਲੇ ਤੇ ਅਮੀਰਾਂ ਦੀ ਖ਼ੁਸ਼ਹਾਲੀ ਹੋਰ ਵਧਦੀ ਜਾਂਦੀ ਹੈ।

ਹਾਕਮ ਟੋਲੇ ਦੇ ਮੁਦੱਬਰ, ਮਾਹਰ ਅਤੇ ਦਾਨਿਸ਼ਵਰ ਟੀ.ਵੀ ਚੈਨਲਾਂ ਦੀਆਂ ਗੱਲਾਂਬਾਤਾਂ  ਰਾਹੀਂ ਅਤੇ ਅਖਬਾਰਾਂ ਦੇ ਕਾਲਮਾਂ ਵਿਚ ਇਸ ਹਾਲਾਤ ਨੂੰ ਲੋਕਾਂ ਲਈ ਵਧੀਆ ਦੱਸਦੇ ਹਨ ਅਤੇ ਕਹਿੰਦੇ ਹਨ ਕਿ ਹੌਲੀ ਹੌਲੀ ਖ਼ੁਸ਼ਹਾਲੀ ਹਾਕਮ ਟੋਲੇ ਤੋਂ ਲੋਕਾਂ ਤਾਂਈ ਵੀ ਪਹੁੰਚ ਜਾਵੇਗੀ। ਲੋਕਾਂ ਨੂੰ ਸਬਰ ਕਰਨ ਦੀ ਲੋੜ ਹੈ ਅਤੇ ਮੁਲਕ ਅਤੇ ਕੌਮ ਦੇ ਸਾਰੇ ਵਸੀਲੇ ਹਾਕਮ ਟੋਲੇ ਦੇ ਹਵਾਲੇ ਕਰਨ ਦੀ ਲੋੜ ਹੈ। ਜਿਉਂ ਜਿਉਂ ਹਾਕਮ ਟੋਲੇ ਦੇ ਮੁਨਾਫ਼ੇ ਵਧਣਗੇ ਉਸ ਨਾਲ ਲੋਕਾਂ ਦਾ ਵੀ ਭਲਾ ਆਪਣੇ ਆਪ ਹੀ ਹੁੰਦਾ ਜਾਵੇਗਾ। ਝੂਠ ਅਤੇ ਫਰੇਬ ਦਾ ਇਹ ਰਾਗ ਹਾਕਮ ਟੋਲੇ, ਉਨ੍ਹਾਂ ਦੀਆਂ ਸਰਕਾਰਾਂ, ਸਿਆਸੀ ਪਾਰਟੀਆਂ ਅਤੇ ਮੀਡੀਆ ਹਰ ਰੋਜ਼ ਦੁਹਰਾਉਂਦੇ ਰਹਿੰਦੇ ਹਨ।

ਹਾਲਾਤ ਹਾਕਮ ਟੋਲੇ ਨੂੰ ਹਰ ਕਦਮ ਤੇ ਝੂਠ ਅਤੇ ਫਰੇਬ ਲਈ ਮਜਬੂਰ ਕਰਦੇ ਹਨ। ਆਪਣੇ ਮੁਫ਼ਾਦ ਲਈ ਇਹ ਗਲਤੀ ਨਾਲ ਵੀ ਸੱਚ ਨਹੀਂ ਬੋਲਦੇ ਕਿਉਂਕਿ ਸੱਚਾਈ ਇਨ੍ਹਾਂ ਦਾ ਪੱਖ ਨਹੀਂ ਪੂਰ ਸਕਦੀ। ਇਨ੍ਹਾਂ ਦੇ ਮੁਫ਼ਾਦ ਦੇ ਉਲਟ ਜਾਂਦੀ ਹੈ। ਸਚਾਈ ਲੋਕਾਂ ਦੇ ਪੱਖ ਅਤੇ ਹਿੱਤ ਵਿਚ ਹੈ। ਇਨ੍ਹਾਂ ਲਈ ਇਹ ਬਹੁਤ ਹੀ ਜ਼ਰੂਰੀ ਹੈ ਕਿ ਸਚਾਈ ਉੱਤੇ ਫਰੇਬ ਦਾ ਪਰਦਾ ਪਾਇਆ ਜਾਵੇ। ਇਸ ਲਈ ਓਬਾਮਾ, ਮਨਮੋਹਨ ਸਿੰਘ, ਅਡਵਾਨੀ, ਗਿਲਾਨੀ ਅਤੇ ਹਾਕਮ ਟੋਲੇ ਦੇ ਹੋਰ ਲੀਡਰ ਸੱਚ ਕਦੇ ਬੋਲ ਹੀ ਨਹੀਂ ਸਕਦੇ।

ਨਾ ਸਿਰਫ਼ ਇਹ ਸੱਚ ਬੋਲ ਹੀ ਨਹੀਂ ਸਕਦੇ ਬਲਕਿ ਹੱਕ ਸੱਚ ਦੀ ਗੱਲ ਇਹ ਸੁਣ ਵੀ ਨਹੀਂ ਸਕਦੇ। ਹੱਕ ਸੱਚ ਦੀ ਗੱਲ ਕਰਨ ਵਾਲਿਆਂ ਨੂੰ ਇਹ ਭੰਡਦੇ ਹਨ ਅਤੇ ਤਸੀਹੇ ਵੀ ਦਿੰਦੇ ਹਨ। ਹਿੰਦੁਸਤਾਨ ਵਿਚ ਡਾਕਟਰ ਬਿਨਾਇਕ ਸੇਨ ਇਸ ਦੀ ਇਕ ਤਾਜ਼ੀ ਮਿਸਾਲ ਹਨ। ਡਾਕਟਰ ਬਿਨਾਇਕ ਸੇਨ ਨੇ ਹੱਕ ਸੱਚ ਦੀ ਆਵਾਜ਼ ਉਠਾਈ ਤਾਂ ਉਸਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿਤੀ ਗਈ ਸੀ। ਸ਼ਾਹ ਹੁਸੈਨ ਨੇ ਕਿਹਾ ਸੀਃ-

*ਮੀਆਂ ਗੱਲ ਸੁਣੀ ਨਾ ਜਾਂਦੀ ਸੱਚੀ*
*ਸੱਚੀ ਗੱਲ ਸੁਣੀਵੇ ਕਿਉਂਕਰ, ਕੱਚੀ ਹੱਡਾਂ ਵਿਚ ਰਚੀ*
*ਸੱਚੀ ਗੱਲ ਸੁਣੀ ਤਿਨ੍ਹਾਂ, ਚਿਣਗ ਜਿਨ੍ਹਾਂ ਤਨ ਸੱਚੀ*